# ਮਾਪੇ ਵੀ ਗਿਣਦੇ ਹਨ

## ਤੁਹਾਡੇ ਬੱਚੇ ਦੀ ਗ੍ਰਾਫ਼ਸ ਅਤੇ ਤਾਲਿਕਾਵਾਂ ਰਾਹੀਂ ਪ੍ਰਤੀਵੇਦਨ ਅਤੇ ਵਿਆਖਿਆ ਕਰਦੇ ਹੋਏ

ਸਾਨੂੰ ਆਪਣੇ ਰੋਜ਼ਮੱਰਾ ਦੇ ਜੀਵਨ ਵਿੱਚ ਉਸ ਜਾਣਕਾਰੀ ਨੂੰ ਸਮਝਣ ਲਈ ਆਖਿਆ ਜਾਂਦਾ ਹੈ ਜੋ ਗ੍ਰਾਫ਼ਸ ਅਤੇ ਤਾਲਿਕਾਵਾਂ ਵਿੱਚ ਪੇਸ਼ ਕੀਤੀ ਹੁੰਦੀ ਹੈ। ਅਸੀਂ ਇਸ ਪ੍ਰਕਾਰ ਦੀ ਜਾਣਕਾਰੀ ਅਖ਼ਬਾਰਾਂ ਅਤੇ ਪੈਂਫਲਿਟਾਂ, ਬਿਲਾਂ ਉਤੇ ਅਤੇ ਟੈਲੀਵਿਜ਼ਨ ਵਿੱਚ ਵੇਖਦੇ ਹਾਂ। ਗ੍ਰਾਫ਼ਸ ਦੀ ਮਦਦ ਨਾਲ ਰਿਕਾਰਡ ਅਤੇ ਵਿਆਖਿਆ ਜਾਣਕਾਰੀ ਕਰਨੀ ਆਸਾਨ ਹੋ ਜਾਂਦੀ ਹੈ ਅਤੇ ਇਸ ਨਾਲ ਸਾਨੂੰ ਮੌਸਮ ਦੀ ਅਗਾਊਂ ਭਵਿੱਖਬਾਣੀ ਕਰਨ, ਵਿਆਜ ਦੀਆਂ ਦਰਾਂ ਬਾਰੇ ਪਤਾ ਲਾਉਣ ਅਤੇ ਸਾਡੇ ਘਰ ਵਿਚ ਬਿਜਲੀ ਦੀ ਵਰਤੋਂ ਦੀ ਭਵਿੱਖ ਵਿੱਚ ਹੋਣ ਵਾਲੀ ਲਾਗਤ ਬਾਰੇ ਅਗਾਊਂ ਅੰਦਾਜ਼ਾ ਲਾਉਣ ਵਿੱਚ ਸਹਾਇਤਾ ਮਿਲਦੀ ਹੈ। ਬੱਚੇ ਕੇਵਲ ਗਣਿਤ ਦੇ ਪਾਠਾਂ ਦੌਰਾਨ ਹੀ ਨਹੀਂ ਸਗੋਂ ਵਿਗਿਆਨ, ਸਿਹਤ ਅਤੇ ਹੋਰ ਸਬਕ ਲੈਣ ਸਮੇਂ ਵੀ ਗ੍ਰਾਫ਼ਸ ਅਤੇ ਤਾਲਿਕਾਵਾਂ ਪੜ੍ਹਨਾ ਅਤੇ ਉਨ੍ਹਾਂ ਦੀ ਵਿਆਖਿਆ ਕਰਨੀ ਸਿੱਖਣਗੇ।

## ਬੱਚੇ ਗ੍ਰਾਫ਼ਸ ਅਤੇ ਤਾਲਿਕਾਵਾਂ ਬਣਾਉਣਾ ਅਤੇ ਉਨ੍ਹਾਂ ਦੀ ਵਿਆਖਿਆ ਕਰਨੀ ਕਿਵੇਂ ਸਿੱਖਦੇ ਹਨ?

ਪਹਿਲਾਂ-ਪਹਿਲ ਬੱਚੇ ਤਾਲਿਕਾਵਾਂ ਵਿੱਚ ਜਾਣਕਾਰੀ ਇੱਕਠੀ ਕਰਨ ਰਾਹੀਂ ਗ੍ਰਾਫ਼ਸ ਬਣਾਉਣੇ ਸਿੱਖਦੇ ਹਨ ਅਤੇ ਬਾਅਦ ਵਿੱਚ ਵਸਤਾਂ ਜਾਂ ਤਸਵੀਰਾਂ ਦੀ ਵਰਤੋਂ ਇਸ ਜਾਣਕਾਰੀ ਨੂੰ ਇੱਕ ਗ੍ਰਾਫ਼ ਵਜੋਂ ਦਰਸਾਉਣ ਦੀ ਵਿਧੀ ਸਿੱਖਦੇ ਹਨ। ਪਹਿਲੇ ਵਰ੍ਹਿਆਂ ਵਿੱਚ ਖ਼ਾਸ ਤੌਰ ਉਤੇ ਬੱਚਿਆਂ ਨੂੰ ਉਨ੍ਹਾਂ ਦੇ ਅਧਿਆਪਕ ਖ਼ੁਦ ਬਾਰੇ ਜਾਣਕਾਰੀ ਇਕੱਠੀ ਕਰਨ ਅਤੇ ਉਸ ਦਾ ਰਿਕਾਰਡ ਬਣਾਉਣ ਲਈ ਕਹਿਣਗੇ, ਜਿਵੇਂ ਕਿ ਬੱਚਿਆਂ ਦੇ ਪਾਲਤੂ ਜਾਨਵਰਾਂ ਜਾਂ ਉਨ੍ਹਾਂ ਦੇ ਮਾਹੌਲ ਬਾਰੇ, ਜਿਵੇਂ ਕਾਰ ਪਾਰਕ ਵਿੱਚ ਕਾਰਾਂ ਦੇ ਰੰਗਾਂ ਆਦਿ ਬਾਰੇ ਜਾਣਕਾਰੀ ਇਕੱਠੀ ਕਰ ਕੇ ਉਨ੍ਹਾਂ ਰਿਕਾਰਡ ਤਿਆਰ ਕਰਨ ਲਈ ਆਖਿਆ ਜਾ ਸਕਦਾ ਹੈ। ਮੁਢਲੇ ਗ੍ਰਾਫ਼ਸ ਵਿੱਚ ਇੱਕ ਤਸਵੀਰ ਇੱਕ ਵਸਤੂ ਲਈ ਹੋਵੇਗੀ।

ਬਾਅਦ ਵਿੱਚ ਬੱਚੇ ਸਰਵੇਖਣਾਂ ਦੇ ਨਤੀਜਿਆਂ ਨੂੰ ਦਰਸਾਉਣ ਲਈ ਟੈਲੀ ਅੰਕਾਂ (ਉਦਾਹਰਣ ਵਜੋਂ 𝍸 |||) ਦੀ ਵਰਤੋਂ ਕਰਨੀ ਸਿੱਖਣਗੇ। ਉਦਾਹਰਣ ਵਜੋਂ, ਉਨ੍ਹਾਂ ਨੂੰ ਇੱਕ ਨਿਸਚਿਤ ਸਮੇਂ ਦੌਰਾਨ ਸਕੂਲ ਕੋਲੋਂ ਲੰਘਣ ਵਾਲੀਆਂ ਕਾਰਾਂ ਦੀ ਗਿਣਤੀ ਰਿਕਾਰਡ ਕਰਨ ਲਈ ਟੈਲੀ ਅੰਕਾਂ ਦੀ ਵਰਤੋਂ ਕਰਨ ਲਈ ਆਖਿਆ ਜਾ ਸਕਦਾ ਹੈ। ਉਨ੍ਹਾਂ ਨੂੰ ਵਿਭਿੰਨ ਪ੍ਰਕਾਰ ਦੇ ਗ੍ਰਾਫ਼ਸ, ਜਿਵੇਂ ਕਿ ਕਾਲਮ ਗ੍ਰਾਫ਼, ਲਾਈਨ ਗ੍ਰਾਫ਼ ਅਤੇ ਸੈਕਟਰ (ਪਾਈ) ਗ੍ਰਾਫ਼ ਬਾਰੇ ਵੀ ਦਸਿਆ ਜਾਵੇਗਾ। ਇਹ ਅਹਿਮ ਹੈ ਕਿ ਬੱਚੇ ਇਸ ਗੱਲ ਬਾਰੇ ਜਾਣਨ ਕਿ ਗ੍ਰਾਫ਼ਸ ਦੀ ਵਿਆਖਿਆ ਕਿਵੇਂ ਕਰਨੀ ਹੈ ਅਤੇ ਉਨ੍ਹਾਂ ਨੂੰ ਇਸ ਦੇ ਵੀ ਯੋਗ ਬਣਾਇਆ ਜਾਵੇਗਾ ਕਿ ਗ੍ਰਾਫ਼ਸ ਕਿਵੇਂ ਜਾਣਕਾਰੀ ਨੂੰ ਗ਼ਲਤ ਢੰਗ ਨਾਲ ਵੀ ਪੇਸ਼ ਕਰ ਸਕਦੇ ਹਨ।



## ਘਰ ਵਿੱਚ ਤੁਸੀਂ ਕੀ ਕਰ ਸਕਦੇ ਹੋ?

- ਆਪਣੇ ਬੱਚੇ ਦੀ ਉਚਾਈ ਜਾਂ ਭਾਰ ਦੀ ਪੈਮਾਇਸ਼ ਕਰੋ ਅਤੇ ਸਮੇਂ-ਸਮੇਂ ਸਿਰ ਉਨ੍ਹਾਂ ਵਿੱਚ ਹੋਣ ਵਾਲੀ ਤਬਦੀਲੀ ਨੂੰ ਇੱਕ ਗ੍ਰਾਫ਼ ਰਾਹੀਂ ਵਿਖਾਓ।
- ਅਗਲੀ ਵਾਰ ਜੇ ਤੁਸੀਂ ਕਿਸੇ ਅਖ਼ਬਾਰ ਵਿੱਚ ਕਿਸੇ ਅਜਿਹੇ ਵਿਸ਼ੇ ਉਤੇ ਕੋਈ ਗ੍ਰਾਫ਼ ਵੇਖੋ ਜਿਹੜਾ ਤੁਹਾਨੂੰ ਜਾਪੇ ਕਿ ਉਹ ਤੁਹਾਡੇ ਬੱਚੇ ਲਈ ਦਿਲਚਸਪ ਹੋ ਸਕਦਾ ਹੈ, ਤਾਂ ਉਸ ਬਾਰੇ ਆਪਣੇ ਬੱਚੇ ਨਾਲ ਬੈਠ ਕੇ ਉਸ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰੋ। *ਅਜਿਹੇ ਸਵਾਲਾਂ ਦਾ ਇਕੱਠੇ ਬੈਠ ਕੇ ਜਵਾਬ ਲੱਭੋ ਜਿਵੇਂ ਕਿ : ਇਹ ਗ੍ਰਾਫ਼ ਸਾਨੂੰ ਕੀ ਦੱਸ ਰਿਹਾ ਹੈ? ਸਾਨੂੰ ਕਿਵੇਂ ਪਤਾ ਲਗਦਾ ਹੈ ਕਿ ਜਾਣਕਾਰੀ ਠੀਕ ਹੈ? ਕੀ ਇਸ ਜਾਣਕਾਰੀ ਨੂੰ ਪੇਸ਼ ਕਰਨ ਦਾ ਕੋਈ ਵੱਖਰਾ ਤਰੀਕਾ ਹੈ? ਕੀ ਅਜਿਹਾ ਕੁੱਝ ਵੀ ਹੈ, ਜੋ ਤੁਹਾਨੂੰ ਸਮਝ ਨਹੀਂ ਆਉਂਦਾ।*

NEW SOUTH WALES DEPARTMENT OF EDUCATION AND TRAINING

© State of New South Wales through the NSW Department of Education and Training, 2007.



- ਆਪਣੇ ਬੱਚੇ ਨੂੰ ਪਾਣੀ ਜਾਂ ਬਿਜਲੀ ਖਾਤੇ ਦੇ ਅਜਿਹੇ ਘਰੇਲੂ ਬਿਲ ਵਿਖਾਓ, ਜਿਨ੍ਹਾਂ ਵਿੱਚ ਗ੍ਰਾਫ਼ ਹੋਣ ਅਤੇ ਸਵਾਲ ਪੁੱਛੋ ਜਿਵੇਂ ਕਿ : *ਪਿਛਲੇ ਬਿਲ ਦੇ ਮੁਕਾਬਲੇ ਅਸੀਂ ਇਸ ਵਾਰ ਕਿੰਨਾ ਵੱਧ ਜਾਂ ਘੱਟ ਵਰਤਿਆ? ਅਸੀਂ ਹੋਰ ਪਾਣੀ ਕਿਵੇਂ ਬਚਾ ਸਕਦੇ ਹਾਂ? ਤੁਸੀਂ ਕਿਵੇਂ ਸੋਚਦੇ ਹੋ ਕਿ ਸਾਡੇ ਪਾਣੀ ਦੀ ਵਰਤੋਂ ਘਟ ਜਾਵੇਗੀ ਜੇ ਅਸੀਂ ਉਵੇਂ ਕਰੀਏ? ਤੁਸੀਂ ਕੀ ਸਮਝਦੇ ਹੋ ਅਸੀਂ ਕਿੰਨੇ ਧਨ ਦੀ ਬੱਚਤ ਕਰਦੇ ਹਾਂ?*
- ਆਪਣੇ ਬੱਚੇ ਨਾਲ ਉਸ ਸਮੇਂ ਦਾ ਪੂਰਾ ਹਿਸਾਬ ਰੱਖੋ ਜੋ ਉਹ ਟੈਲੀਵਿਜ਼ਨ ਵੇਖਣ ਵਿੱਚ ਬਿਤਾਉਂਦਾ ਜਾਂ ਬਿਤਾਉਂਦੀ ਹੈ। ਹਫ਼ਤੇ ਦੇ ਅੰਤ ਵਿੱਚ, ਵੇਖੋ ਕਿ ਕੀ ਤੁਸੀਂ ਖ਼ਰਚ ਕੀਤੇ ਸਮੇਂ ਨੂੰ ਦਰਸਾਉਣ ਲਈ ਇੱਕ ਗ੍ਰਾਫ਼ ਬਣਾ ਸਕਦੇ ਹੋ।
- ਆਪਣੇ ਬੱਚੇ ਨਾਲ ਕੈਂਚੀ, ਕਾਗਜ਼, ਪੱਥਰਾਂ ਆਦਿ ਨਾਲ ਖੇਡੀਆਂ ਜਾਣ ਵਾਲੀਆਂ ਖੇਡਾਂ ਖੇਡੋ ਅਤੇ ਜਿੱਤ ਤੇ ਹਾਰ ਦਾ ਰਿਕਾਰਡ ਰੱਖਣ ਲਈ ਟੈਲੀ ਅੰਕਾਂ ਦੀ ਵਰਤੋਂ ਕਰੋ।
- ਆਪਣੇ ਬੱਚੇ ਨਾਲ ਖੇਡ ਮੁਕਾਬਲਿਆਂ ਦੀਆਂ ਤਾਲਿਕਾਵਾਂ ਵਿੱਚ ਦਰਸਾਈ ਜਾਣਕਾਰੀ ਪੜ੍ਹੋ ਅਤੇ ਉਸ ਬਾਰੇ ਵਿਚਾਰ-ਵਟਾਂਦਰਾ ਕਰੋ।
- ਆਪਣੇ ਬੱਚੇ ਨਾਲ ਜਾਣਕਾਰੀ ਭਰਪੂਰ ਪੁਸਤਕਾਂ ਪੜ੍ਹੋ ਅਤੇ ਉਨ੍ਹਾਂ ਕਿਤਾਬਾਂ ਵਿੱਚ ਆਉਣ ਵਾਲੀਆਂ ਤਾਲਿਕਾਵਾਂ ਅਤੇ ਗ੍ਰਾਫ਼ਸ ਬਾਰੇ ਆਪਣੇ ਬੱਚੇ ਨਾਲ ਵਿਚਾਰ-ਵਟਾਂਦਰਾ ਕਰੋ।
- ਆਪਣੇ ਬੱਚੇ ਨੂੰ ਵਿਖਾਓ ਕਿ ਇੱਕ ਪੁਸਤਕ ਵਿੱਚ ਵਿਸ਼ਾ-ਸੂਚੀ ਦੀ ਤਾਲਿਕਾ ਨੂੰ ਲੱਭਣਾ ਕਿਵੇਂ ਹੈ ਅਤੇ ਉਸ ਦੀ ਵਰਤੋਂ ਕਿਵੇਂ ਕਰਨੀ ਹੈ।
- ਤੁਹਾਡਾ ਬੱਚਾ ਇੱਕ ਹਫ਼ਤੇ ਦੌਰਾਨ ਖੇਡ ਸਿਖਲਾਈ, ਸੰਗੀਤ ਜਾਂ ਤੈਰਾਕੀ ਦੇ ਪਾਠ, ਘਰੇਲੂ ਕੰਮਾਂ ਜਾਂ ਸਕੂਲੀ ਹਫ਼ਤੇ ਦੌਰਾਨ ਲਾਇਬਰੇਰੀ, ਕੰਪਿਊਟਰ, ਸਕੂਲੀ ਖੇਡ ਅਤੇ ਬੈਂਕਿੰਗ ਆਦਿ ਸਬੰਧੀ ਜਿਹੜੀਆਂ ਵੀ ਗਤੀਵਿਧੀਆਂ ਮੁਕੰਮਲ ਕਰਦਾ ਹੈ, ਉਸ ਦੀ ਇੱਕ ਤਾਲਿਕਾ ਖਿੱਚੋ/ਬਣਾਓ।



NEW SOUTH WALES DEPARTMENT OF EDUCATION AND TRAINING

© State of New South Wales through the NSW Department of Education and Training, 2007.